بِسۡمِ اللّٰہِ الرَّحۡمٰنِ الرَّحِیۡمِ      نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ      وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 30.07.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਖ਼ਲੀਫ਼ਾ ਰਾਸ਼ਿਦ ਫ਼ਾਰੂਕ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਜ਼ਿਕਰ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 30 ਜੁਲਾਈ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ

أَشۡهَدُ أَنۡ لَا إِلَٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُولُهٗ أَمَّا بعد فاعوذ بالله من الشيطٰن الرجيم۔

بِسۡمِ اللّٰهِ الرَّحۡمٰنِ الرَّحِيۡمِ۔ اَلۡحَمۡدُ لِلّٰهِ رَبِّ الۡعَالَمِيۡنَ۔ الرَّحۡمٰنِ الرَّحِيۡمِ۔ مَالِكِ يَوۡمِ الدِّيۡنِ۔ إِيَّاكَ نَعۡبُدُ وَإِيَّاكَ نَسۡتَعِيۡنُ۔ اِهۡدِنَا الصِّرَاطَ الۡمُسۡتَقِيۡمَ۔ صِرَاطَ الَّذِيۡنَ أَنۡعَمۡتَ عَلَيۡهِمۡ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਯੁੱਗ ਦੀਆਂ ਜੰਗਾਂ ਦਾ ਜ਼ਿਕਰ ਹੋ ਰਿਹਾ ਸੀ ਮਦਾਇਨ ਦੀ ਜਿੱਤ ਬਾਰੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਕਾਲ ਦੀ ਭਵਿੱਖਬਾਣੀ ਦੀ ਚਰਚਾ ਕਰਿਦਿਆਂ ਹੋਇਆਂ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਰਜ਼ੀ ਅਲੱਾਹੁ ਅਨਹੁ 'ਸੀਰਤ ਖ਼ਾਤਮਨੱਬੀਯੀਨ' ਵਿੱਚ ਲਿਖੱਦੇ ਹਨ ਕਿ ਖ਼ੰਦਕ (ਖਾਈ) ਪੁਟੱਦਿਆਂ ਹੋਇਆਂ ਇਕ ਥਾਂ ਅਜਿਹਾ ਪਥੱਰ ਆਇਆ ਜੋ ਕਿਸੇ ਤੋਂ ਨ ਟੁਟੱਦਾ ਸੀ । ਸਹਾਬਾ ਤਿੰਨ ਦਿਨਾਂ ਤੋਂ ਨਿਰੰਤਰ ਭੁੱਖ ਨਾਲ ਨਿਢਾਲ ਸਨ । ਅਖ਼ੀਰ ਤੰਗ ਆਕੇ ਉਹ ਰਸੂਲੇ ਖ਼ੁਦਾ ਸਲਲੱਾਹੁ ਅਲੈਹਿ ਵਸਲੱਮ ਕੋਲ ਹਾਜ਼ਰ ਹੋਏ । ਇਸ ਸਮੇਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਵੀ ਭੁੱਖ ਦੇ ਸਬਬ ਢਿੱਡ'ਤੇ ਪਥੱਰ ਬੰਨ੍ਹਿਆ ਹੋਇਆ ਸੀ । ਆਪ ਝੱਟ ਉੱਥੇ ਆਏ ਅਤੇ ਇਕ ਕੁਦਾਲ (ਕਹੀ) ਲੈਕੇ ਰੱਬ ਦਾ ਨਾਲ ਲਿਆ ਅਤੇ ਪਥੱਰ'ਤੇ ਸੱਟ ਮਾਰੀ । ਲੋਹੇ ਦੀ ਸੱਟ ਨਾਲ ਪਥੱਰ ਵਿੱਚੋਂ ਚਿੰਘਿਆੜੀ ਨਿਕਲੀ, ਜਿਸ'ਤੇ ਆਪ ਨੇ ਜ਼ੋਰ ਨਾਲ ਅਲੱਾਹੁ ਅਕਬਰ ! ਕਿਹਾ ਅਤੇ ਫ਼ਰਮਾਇਆ ਮੈਂਨੂੰ ਸ਼ਾਮ ਦੇਸ਼ ਦੀਆਂ ਕੁੰਜੀਆਂ ਦਿੱਤੀਆਂ ਗਈਆਂ ਹਨ ਅਤੇ ਸ਼ਾਮ ਦੇਸ਼ ਦੇ ਸੁਰਖ਼ ਮਹਿਲ ਮੇਰੀਆਂ ਅਖੱਾਂ ਸਾਹਮਣੇ ਹਨ । ਫਿਰ ਆਪ ਨੇ ਦੂਜੀ ਸੱਟ ਮਾਰੀ ਅਤੇ ਫ਼ਰਮਾਇਆ ਮੈਂਨੂੰ ਫ਼ਾਰਸ ਦੀਆਂ ਕੁੰਜੀਆਂ ਦਿੱਤੀਆਂ ਗਈਆਂ ਹਨ ਅਤੇ ਮਦਾਇਨ ਦੇ ਚਿੱਟੇ ਮਹਿਲ ਮੈਂਨੂੰ ਦਿਖਾਈ ਦੇ ਰਹੇ ਹਨ । ਇਸ ਦੇ ਬਾਦ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਤੀਜੀ ਵਾਰ ਸੱਟ ਮਾਰੀ ਅਤੇ ਫ਼ਰਮਾਇਆ ਹੁਣ ਮੈਂਨੂੰ ਯਮਨ ਦੀਆਂ ਕੁੰਜੀਆਂ ਦਿੱਤੀਆਂ ਗਈਆਂ ਹਨ ਅਤੇ ਸਨਆ ਦੇ ਦਰਵਾਜ਼ੇ ਮੈਂਨੂੰ ਦਿਖਾਏ ਜਾ ਰਹੇ ਹਨ ।

ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਦੇ ਇਹ ਦ੍ਰਿਸ਼ ਦਿਵ ਦ੍ਰਿਸ਼ ਨਾਲ ਸੰਬੰਧ ਰਖੱਦੇ ਸਨ । ਸੰਭਵਤਾ ਇਸ ਤੰਗੀ ਦੇ ਸਮੇਂ ਰੱਬ ਨੇ ਆਪ ਸਲਲੱਾਹੁ ਅਲੈਹਿ ਵਸਲੱਮ ਨੂੰ ਮੁਸਲਮਾਨਾ ਦੀਆਂ ਭਵਿੱਖ ਦੀਆਂ ਸਫ਼ਲਤਾਵਾਂ ਅਤੇ ਖ਼ੁੱਲ ਡੁੱਲ ਦੇ ਦ੍ਰਿਸ਼ ਦਿਖਾਕੇ ਸਹਾਬਾ ਵਿੱਚ ਆਸ਼ਾ ਤੇ ਉਤਸਾਹ ਦੀ ਆਤਮਾ ਪੈਦਾ ਕਰ ਦਿੱਤੀ । ਮਦਾਇਨ ਦੀ ਜਿੱਤ ਦਾ ਵਾਦਾ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਖ਼ਿਲਾਫ਼ਤ ਕਾਲ ਵਿੱਚ ਹਜ਼ਰਤ ਸਅਦ ਦੇ ਹੱਥੀਂ ਪੂਰਾ ਹੋਇਆ । ਕਾਦਸੀਆ ਦੀ ਜਿੱਤ ਦੇ ਬਾਦ ਵਰਤਮਾਨ ਇਰਾਕ ਦੇ ਪੁਰਾਤਨ ਸ਼ਹਿਰ ਬਾਬਲ ਨੂੰ ਫ਼ਤਹਿ ਕੀਤਾ, ਬਾਬਲ ਵਰਤਮਾਨ ਇਰਾਕ ਦਾ ਪੁਰਾਤਨ ਸ਼ਹਿਰ ਸੀ ।

ਬਾਬਲ ਨੂੰ ਜਿਤੱਣ ਦੇ ਬਾਦ ਕੂਸਾ ਨਾਂ ਦੇ ਇਕ ਇਤਿਹਾਸਕ ਸ਼ਹਿਰ ਪਹੁੰਚੇ ਇਹ ਬਾਬਲ ਨਾਲ ਲਗੱਦਾ ਖੇਤਰ ਹੈ । ਕੂਸਾ ਉਹ ਥਾਂ ਸੀ ਜਿੱਥੇ ਹਜ਼ਰਤ ਇਬ੍ਰਾਹੀਮ ਅਲੈਹਿ ਸਲਾਮ ਨੂੰ ਨਮਰੂਦ ਨੇ ਕੈਦ ਕੀਤਾ ਸੀ ਅਤੇ ਕੈਦ ਖ਼ਾਨੇ ਦੀ ਥਾਂ ਇਸ ਸਮੇਂ ਤੱਕ ਸੁਰੱਖਿਅਤ ਸੀ । ਹਜ਼ਰਤ ਸਾਅਦ ਰਜ਼ੀ ਅਲੱਾਹੁ ਅਨਹੁ ਜੱਦ ਉੱਥੇ ਪਹੁੰਚੇ ਅਤੇ ਕੈਦ ਖ਼ਾਨੇ ਨੂੰ ਦੇਖਿਆ ਤਾਂ ਕੁਰਆਨ ਕਰੀਮ ਦੀ ਇਹ ਆਇਤ ਪੜ੍ਹੀ, 'ਤਿਲਕਲ ਅਯੱਾਮੁ ਨੁਦਾਵਿਲੁਹਾ ਬੈਨਨੱਾਸਿ' ( تِلْكَ الْأَيَّامُ نُدَاوِلُهَا بَيْنَ النَّاسِ) ਅਰਥਾਤ ਇਹ ਦਿਨ ਅਜਿਹੇ ਹਨ ਕਿ ਅਸੀਂ ਇਹਨਾ ਲੋਕਾਂ ਵਿਚੱਕਾਰ ਪਰਤਦੇ ਰਹਿੰਦੇ ਹਨ ਤਾਂ ਜੋ ਉਹ ਨਸੀਹਤ ਫੜਨ । ਫਿਰ ਕੂਸਾ ਤੋਂ ਹੁੰਦਿਆਂ ਹੋਇਆਂ ਇਸਲਾਮੀ ਲਸ਼ਕਰ ਬਹਿਰੇ ਸੀਰ ਪਹੁੰਚਿਆ । ਇੱਥੇ ਇਰਾਨੀਆਂ ਨੇ ਕਿਸਰਾ ਦੇ ਸ਼ਿਕਾਰੀ ਸ਼ੇਰ ਨੂੰ ਲਸ਼ਕਰ'ਤੇ ਛੱਡ ਦਿਤੱਾ, ਜੋ ਗਰਜਦਾ ਹੋਇਆ ਇਸਲਾਮੀ ਫ਼ੌਜ'ਤੇ ਹਮਲਾਆਵਰ ਹੋਇਆ । ਹਜ਼ਰਤ ਸਅਦ ਰਜ਼ੀ ਅਲੱਾਹੁ ਅਨਹੁ ਦੇ ਭਰਾ ਹਾਸ਼ਮ ਬਿਨ ਅਬੀ ਵਕਾਸ ਨੇ ਸ਼ੇਰ'ਤੇ ਤਲਵਾਰ ਨਾਲ ਵਾਰ ਕੀਤਾ ਅਤੇ ਸ਼ੇਰ ਉੱਥੇ ਹੀ ਢੇਰ ਹੋ ਗਿਆ । ਕਿਸਰਾ ਦਾ ਸਿਹਾਸਨ ਮਦਾਇਨ, ਬਗ਼ਦਾਦ ਦੇ ਦਖੱਣ ਵੱਲ ਕੁਝ ਦੂਰੀ'ਤੇ ਦਜਲਾ ਦਰਿਆ ਕੰਢੇ ਸਿਥਿਤ ਸੀ । ਇਸਲਾਮੀ ਲਸ਼ਕਰ ਲਈ ਦਰਿਆ ਪਾਰ ਕਰਨ ਦਾ ਸਾਧਨ ਦਿਖਾਈ ਨਹੀਂ ਦਿੰਦਾ ਸੀ ਕਿ ਇਕ ਰਾਤ ਹਜ਼ਰਤ ਸਅਦ ਰਜ਼ੀ ਅਲੱਾਹੁ ਅਨਹੁ ਨੂੰ ਸੁਪਨੇ ਵਿੱਚ ਦਿਖਾਇਆ ਗਿਆ ਕਿ ਮੁਸਲਮਾਨਾ ਦੇ ਘੋੜੇ ਪਾਣੀ ਵਿੱਚ ਦਾਖ਼ਲ ਹੋ ਰਹੇ ਹਨ । ਆਪ ਰਜ਼ੀ ਅਲੱਾਹੁ ਅਨਹੁ ਇਹ ਕਹਿੰਦਿਆਂ ਹੋਇਆਂ ਕਿ ਮੁਸਲਮਾਨੋ ! ਆਓ ਇਸ ਦਰਿਆ ਨੂੰ ਤੈਰ ਕੇ ਪਾਰ ਕਰਦੇ ਹਾਂ ਆਪਣਾ ਘੋੜਾ ਦਰਿਆ ਵਿੱਚ ਪਾ ਦਿਤੱਾ । ਆਪਦੀ ਪੈਰ੍ਹਵੀ ਵਿੱਚ ਹੋਰਨਾ ਸਿਪਾਹੀਆਂ ਨੇ ਵੀ ਆਪਣੇ ਘੋੜੇ ਦਰਿਆ ਵਿੱਚ ਪਾ ਦਿੱਤੇ । ਮੁਕਾਬਲੇ ਲਈ ਖੜੀ ਫ਼ੌਜ ਨੇ ਇਹ ਹੈਰਾਨ ਕਰਨ ਵਾਲਾ ਦ੍ਰਿਸ਼ ਦੇਖਿਆ ਤਾਂ ਡਰ ਨਾਲ ਚੀਕਾਂ ਮਾਰਦਿਆਂ ਹੋਇਆਂ ਨੱਠ ਖੜੇ ਹੋਏ ਕਿ ਦੇਵ ਆ ਗਏ, ਦੇਵ ਆ ਗਏ । ਮੁਸਲਮਾਨਾ ਨੇ ਅੱਗੇ ਵਧੱਕੇ ਸ਼ਹਿਰ ਤੇ ਕਿਸਰਾ ਦੇ ਮਹਿਲਾਂ'ਤੇ ਕਬਜ਼ਾ ਕਰ ਲਿਆ । ਇਸ ਪ੍ਰਕਾਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਉਹ ਭਵਿੱਖਬਾਣੀ ਪੂਰੀ ਹੋ ਗਈ, ਜੋ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਅਹਜ਼ਾਬ ਦੀ ਜੰਗ ਸਮੇਂ ਕੀਤੀ ਸੀ । ਹਜ਼ਰਤ ਸਅਦ ਰਜ਼ੀ ਅਲੱਾਹੁ ਅਨਹੁ ਨੇ ਹੁਕੁਮ ਦਿਤੱਾ ਕਿ ਸ਼ਾਹੀ ਖ਼ਜ਼ਾਨਾ ਅਤੇ ਜਵਾਹਾਰਾਤ ਇਕੱਠੇ ਕੀਤੇ ਜਾਣ । ਮੁਸਲਮਾਨ ਸਿਪਾਹੀਆਂ ਨੇ ਅਤਿਅੰਤ ਇਮਾਨਦਾਰੀ ਨਾਲ ਸਾਰਾ ਸਮਾਨ ਇਕਠੱਾ ਕਰ ਦਿਤੱਾ । ਮਾਲੇ ਗ਼ਨੀਮਤ (ਜੰਗੀ ਧੰਨ ਮਾਲ) ਨੀਯਮਾ ਅਨੁਸਾਰ ਵੰਡਣ ਮਗਰੋਂ ਪੰਜਵਾਂ ਹਿਸੱਾ ਖ਼ਿਲਾਫ਼ਤ ਦੇ ਦਰਬਾਰ ਵਿੱਚ ਭੇਜ ਦਿਤੱਾ ਗਿਆ ।

ਜਲੋਲਾਅ ਦੀ ਜੰਗ 16 ਹਿਜਰੀ ਵਿੱਚ ਲੜੀ ਗਈ । ਮਦਾਇਨ ਵਿੱਚ ਹਾਰ ਦਾ ਮੂੰਹ ਦੇਖਣ ਦੇ ਬਾਦ ਇਰਾਨੀਆਂ ਨੇ ਬਗ਼ਦਾਦ ਤੇ ਖ਼ੁਰਾਸਾਨ ਵਿਚਕਾਰ ਪੈਂਦੇ ਜਲੋਲਾਅ ਸ਼ਹਿਰ ਵਿੱਚ ਇਕੱਠਿਆਂ ਹੋਕੇ ਜੰਗ ਦੀ ਤਿਆਰੀ ਸ਼ੁਰੂ ਕਰ ਦਿੱਤੀ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਹੁਕੁਮ ਅਨੁਸਾਰ ਹਜਰਤ ਸਅਦ ਰਜ਼ੀ ਅਲੱਾਹੁ ਅਨਹੁ ਨੇ ਹਾਸ਼ਮ ਬਿਨ ਅਤਬਾ ਨੂੰ ਬਾਰ੍ਹਾਂ ਹਜ਼ਾਰ ਸਿਪਾਹੀਆਂ ਦਾ ਲਸ਼ਕਰ ਦੇਕੇ ਜਲੋਲਾਅ ਰਵਾਨਾ ਕੀਤਾ । ਮੁਸਲਮਾਨਾ ਨੇ ਮਹੀਨਿਆਂ ਤੱਕ ਸ਼ਹਿਰ ਦਾ ਘੇਰਾ ਘੱਤੀ ਰੱਖਿਆ ਇਸ ਸਮੇਂ ਦੌਰਾਨ ਲਗਭਗ ਅੱਸੀ ਮਾਅਰਕੇ ਹੋਏ । ਜਲੋਲਾਅ ਦੀ ਫ਼ਤਹਿ'ਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਅਜਮ ਵਾਸੀਆਂ ਦਾ ਪਿਛੱਾ ਕਰਨ ਤੋਂ ਮਨਾ ਕਰਦਿਆਂ ਹੋਇਆਂ ਫ਼ਰਮਾਇਆ ਕਿ ਮੈਂ ਮਾਲੇ ਗ਼ਨੀਮਤ ਨਾਲੋਂ ਮੁਸਲਮਾਨਾ ਦੀ ਸਲਾਮਤੀ ਨੂੰ ਪਹਿਲ ਦਿੰਦਾ ਹਾਂ ।

ਜੱਦ ਮਾਲੇ ਗ਼ਨੀਮਤ ਵਿੱਚੋਂ ਪੰਜਵਾ ਭਾਗ ਹਜ਼ਰਤ ਉਮਰ ਦੀ ਸੇਵਾ ਵਿੱਚ ਪੇਸ਼ ਹੋਇਆਤਾਂ ਆਪ ਰਜ਼ੀ ਅਲੱਾਹੁ ਅਨਹੁ ਮਾਲੇ ਗ਼ਨੀਮਤ ਵਿੱਚ ਪਏ ਬਹੁਮੁੱਲ ਜਵਾਹਰਾਂ ਨੂੰ ਦੇਖਕੇ ਰੋ ਪਏ ਅਤੇ ਫ਼ਰਮਾਇਆ ਰੱਬ ਜਿਸ ਕੌਮ ਨੂੰ ਇਹ ਪ੍ਰਦਾਨ ਕਰਦਾ ਹੈ ਤਾਂ ਉਹਨਾ ਵਿੱਚ ਈਰਖਾ ਤੇ ਕੀਨਾ ਵੱਧ ਜਾਂਦਾ ਹੈ । ਹਜ਼ੂਰ ਅਨਵਰ ਨੇ ਫ਼ਰਮਾਇਆ ਇਹ ਬਹੁਤ ਗ਼ੌਰ, ਚਿੰਤਾ ਤੇ ਇਸਤਗ਼ਫ਼ਾਰ (ਪਸ਼ਚਾਤਾਪ) ਕਰਨ ਵਾਲੀ ਗੱਲ ਹੈ । ਅਸੀਂ ਦੇਖ ਰਹੇ ਹਾਂ ਕਿ ਮੁਸਲਮਾਨਾ ਵਿੱਚ ਈਰਖਾ, ਕੀਨਾ ਤੇ ਸਾੜਾ ਧੰਨ ਆਉਣ ਮਗਰੋਂ ਵਧੱਦਾ ਹੀ ਗਿਆ ।

ਹਜ਼ਰਤ ਸਅਦ ਅਜੇ ਮਦਾਇਨ ਵਿੱਚ ਹੀ ਸਨ ਕਿ ਉਹਨਾਂ ਨੂੰ ਇਰਾਨੀ ਲਸ਼ਕਰ ਦੀ ਮੈਦਾਨੀ ਖੇਤਰ ਵਿੱਚ ਅੱਗੇ ਵਧੱਣ ਦੀ ਖ਼ਬਰ ਮਿਲੀ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਨਿਰਦੇਸ਼ਾਂ'ਤੇ ਜ਼ਰਾਰ ਬਿਨ ਖ਼ਤਾਬ ਦੀ ਅਗਵਾਈ ਵਿੱਚ ਇਕ ਲਸ਼ਕਰ ਮੁਕਾਬਲੇ ਲਈ ਰਵਾਨਾ ਹੋਇਆ । ਮਾਸਬਜ਼ਾਨ ਦੇ ਮੈਦਾਨੀ ਖੇਤਰ ਵਿੱਚ ਹਿੰਦਫ਼ ਨਾਂ ਦੇ ਸਥਾਨ'ਤੇ ਲੜਾਈ ਹੋਈ ਅਤੇ ਇਰਾਨੀਆਂ ਨੇ ਇੱਥੇ ਵੀ ਹਾਰ ਖਾਧੀ ।

14 ਹਿਜਰੀ ਵਿੱਚ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਫ਼ੌਜੀ ਦ੍ਰਿਸ਼ਟੀਕੋਣ ਅਨੁਸਾਰ ਕੁਝ ਮਹਤੱਵਾਕਾਂਸ਼ਾਂ ਨੂੰ ਦੇਖਦਿਆਂ ਹੋਇਆਂ ਇਰਾਕ ਵਿੱਚ ਛੋਟੇ ਪਧੱਰ'ਤੇ ਇਕ ਹੋਰ ਮਹਾਜ਼ ਖੋਲਿਆ ਅਤੇ ਛਾਵਨੀ ਸਹਿਰ ਬਸਰਾ ਦੀ ਨੀਂਹ ਪਾਈ। ਇਸ ਖੇਤਰ ਵਿੱਚ ਫ਼ੌਜ ਬਿਠਾਉਣ ਦਾ ਵਡਾੱ ਉਦੇਸ਼ ਇਹੋ ਸੀ ਕਿ ਇਰਾਨੀ ਫ਼ੌਜ ਨੂੰ ਰਸਦ ਨ ਪਹੁੰਚੇ । ਮੁਸਲਮਾਨਾ ਦੇ ਖ਼ੋਜ਼ਸਤਾਨ ਦੇ ਪ੍ਰਸਿੱਧ ਸ਼ਹਿਰ ਹਵਾਜ਼'ਤੇ ਕਬਜ਼ਾ ਕੀਤਾ ਤਾਂ ਉੱਥੋਂ ਦੇ ਰਈਸ ਬੀਰਵਾਜ਼ ਨੇ ਸੰਧੀ ਕਰ ਲਈ । ਇਸ ਮਆਰਕੇ ਵਿੱਚ ਮੁਸਲਮਾਨਾ ਦੇ ਬਹੁਤ ਸਾਰੇ ਲੋਕਾਂ ਨੂੰ ਗ਼ਿਫ਼ਤਾਰ ਕਰਕੇ ਗ਼ੁਲਾਮ ਬਣਾਇਆ ਹੋਇਆ ਸੀ, ਪਰ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਹੁਕੁਮ'ਤੇ ਸਾਰਿਆਂ ਨੂੰ ਰਿਹਾ ਕਰ ਦਿੱਤਾ ਗਿਆ । ਇਸ ਖੇਤਰ ਵਿੱਚ ਇਰਾਨੀ ਦੋ ਮਾਰਗਾਂ ਰਾਹੀਂ ਮੁਸਲਮਾਨਾ'ਤੇ ਵਾਰ ਵਾਰ ਹਮਲਾ ਕਰਦੇ ਸਨ । ਮੁਸਲਮਾਨਾ ਨੇ ਇਹਨਾ ਦੋਹਾਂ ਮਾਰਗਾਂ'ਤੇ ਕਬਜ਼ਾ ਕਰ ਲਿਆ । ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅਧਿਕਤਰ ਸਾਨੂੰ ਇਹ ਦਿਖਾਈ ਦਿੰਦਾ ਹੈ ਕਿ ਜਿੱਥੇ ਮੁਸਲਮਾਨਾਂ ਨੂੰ ਤੰਗ ਕੀਤਾ ਜਾਂਦਾ, ਹਮਲੇ ਕੀਤੇ ਜਾਂਦੇ, ਉੱਥੇ ਹੀ ਮੁਸਲਮਾਨਾ ਨੇ ਹਮਲੇ ਕੀਤੇ ਅਤੇ ਉਹਨਾ ਥਾਵਾਂ'ਤੇ ਕਬਜ਼ੇ ਕੀਤੇ ।

ਜਲੋਲਾਅ ਵਿੱਚ ਮੁਸਲਮਾਨਾ ਦੀ ਜਿੱਤ ਦੇ ਬਾਦ ਇਰਾਨੀ ਹਰਮਜ਼ਾਨ ਦੀ ਅਗਵਾਈ ਵਿੱਚ ਰਾਹਮਰਮਿਜ਼ ਵਿੱਚ ਇਕੱਠੇ ਹੋਏ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਨਿਰਦੇਸ਼ਾਂ'ਤੇ ਹਜ਼ਰਤ ਸਅਦ ਰਜ਼ੀ ਅਲੱਾਹੁ ਅਨਹੁ ਨੇ ਨੁਅਮਾਨ ਬਿਨ ਮਕਰਨ ਨੂੰ ਕੂਫ਼ਾ ਅਤੇ ਅਬੂ ਮੂਸਾ ਅਸ਼ਅਰੀ ਨੂੰ ਬਸਰਾ ਤੋਂ ਲਸ਼ਕਰ ਦਾ ਸਰਦਾਰ ਬਣਾਕੇ ਰਵਾਨਾ ਕੀਤਾ ਅਤੇ ਨਿਰਦੇਸ਼ ਦਿਤੱਾ ਕਿ ਜੱਦ ਦੋਵੇਂ ਲਸ਼ਕਰ ਇਕੱਠੇ ਹੋ ਜਾਣ ਤਾਂ ਅਬੂ ਸਬਰਹ ਰੁਹਮ ਇਹਨਾ ਦੇ ਕਮਾਂਡਰ ਹੋਣਗੇ । ਨੁਅਮਾਨ ਬਿਨ ਮਕਰਨ ਦੀ ਫ਼ੌਜ ਨਾਲ ਹਰਮਜ਼ਾਨ ਦਾ ਮੁਕਾਬਲਾ ਹੋਇਆ ਅਤੇ ਹਾਰ ਖਾ ਕੇ ਤਸਤਰੀ ਵੱਲ ਭੱਜ ਗਿਆ । ਲੰਮੇ ਘਿਰਾਓ ਮਗਰੋਂ ਜੱਦ ਸ਼ਹਿਰ ਫ਼ਤਹਿ ਹੋਇਆ ਅਤੇ ਹਰਮਜ਼ਾਨ ਗ੍ਰਿਫ਼ਤਾਰ ਹੋਇਆ ਤਾਂ ਉਸ ਨੇ ਇਛੱਾ ਪ੍ਰਕਟ ਕੀਤੀ ਕਿ ਉਸਦਾ ਮਾਮਲਾ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ'ਤੇ ਛੱਡ ਦਿਤੱਾ ਜਾਵੇ । ਹਜ਼ਰਤ ਅਬੂ ਮੂਸਾ ਅਸ਼ਅਰੀ ਨੇ ਹਰਮਜ਼ਾਨ ਨੂੰ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀ ਸੇਵਾ ਵਿੱਚ ਮਦੀਨਿ ਭਿਜਵਾ ਦਿਤੱਾ । ਜੱਦ ਜਥੱਾ ਮਦੀਨਿ ਵਿੱਚ ਦਾਖ਼ਲ ਹੋਇਆ ਤਾਂ ਹਰਮਜ਼ਾਨ ਨੂੰ ਉਸ ਦਾ ਆਪਣਾ ਰੇਸ਼ਮੀ ਵਸਤਰ ਪਹਿਨਾਇਆ ਗਿਆ ਜਿਸ'ਤੇ ਸੋਨੇ ਦਾ ਕੰਮ ਹੋਇਆ ਹੋਇਆ ਸੀ ਅਤੇ ਇਸ'ਦੇ ਸਿਰ'ਤੇ ਹੀਰਿਆਂ ਦਾ ਜੜਿਆ ਤਾਜ ਰੱਖਿਆ ਗਿਆ ਤਾਂ ਜੋ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਤੇ ਮੁਸਮਲਮਾਨ ਉਸ ਦੀ ਅਸਲ ਹਾਲਤ ਦੇਖ ਲੈਂਣ । ਫ਼ਿਰ ਉਹਨਾ ਨੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਬਾਰੇ ਪੁੱਛਿਆ ਤਾਂ ਲੋਕਾਂ ਨੇ ਦੱਸਿਆ ਕਿ ਮਸਜਿਦ ਵਿੱਚ ਹਨ । ਜੱਦ ਉਹ ਮਸਜਿਦ ਪਹੁੰਚੇ ਤਾਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਆਪਣੀ ਪਗੜੀ'ਤੇ ਸਿਰ ਰਖੱਕੇ ਸੁੱਤੇ ਹੋਏ ਸਨ । ਹਰਮਜ਼ਾਨ ਨੇ ਪੁੱਛਿਆ ਉਮਰ ਕਿੱਥੇ ਹਨ । ਲੋਕਾਂ ਨੇ ਦੱਸਿਆ ਕਿ ਉਹ ਸੌਂ ਰਹੇ ਹਨ । ਇਸ ਸਮੇਂ ਮਸਜਿਦ ਵਿੱਚ ਆਪ ਰਜ਼ੀ ਅਲੱਾਹੁ ਅਨਹੋਂ ਬਿਨਾਂ ਕੋਈ ਵੀ ਨਹੀਂ ਸੀ । ਹਰਮਜ਼ਾਨ ਨੇ ਪੁੱਛਿਆ ਇਹਨਾਂ ਦੇ ਪਹਿਰੇਦਾਰ ਅਤੇ ਦਰਬਾਨ ਕਿੱਥੇ ਹਨ । ਲੋਕਾਂ ਨੇ ਕਿਹਾ ਇਹਨਾ ਨੂੰ ਕਿਸੇ ਪਹਿਰੇਦਾਰ, ਦਰਬਾਰੀ, ਕਾਤਬ ਤੇ ਦੀਵਾਨ ਦੀ ਲੋੜ ਨਹੀਂ ਹੈ । ਹਰਮਜ਼ਾਨ ਨੇ ਆਪ ਮੁਹਾਰੇ ਹੀ ਕਿਹਾ ਕਿ ਇਹ ਵਿਅਕਤੀ ਅਵਸ਼ ਹੀ ਕੋਈ ਨਬੀ ਮਲੂਮ ਹੁੰਦਾ ਹੈ । ਲੋਕਾਂ ਨੇ ਕਿਹਾ ਕਿ ਨਬੀ ਤਾਂ ਨਹੀਂ ਪਰ ਨਬੀ ਦੇ ਤਰੀਕੇ ਉਪੱਰ ਜ਼ਰੂਰ ਹਨ । ਹਰਮਜ਼ਾਨ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀ ਸਾਦਗੀ ਨਾਲ ਬਹੁਤ ਪ੍ਰਭਾਵਤ ਹੋਇਆ ਅਤੇ ਉਸਨੇ ਇਕ ਮਨਮੋਹਕ ਵਾਰਤਾਲਾਪ ਮਗਰੋਂ ਇਸਲਾਮ ਕੁਬੂਲ ਕਰ ਲਿਆ ਅਤੇ ਮਦੀਨਿ ਵਿੱਚ ਹੀ ਵੱਸੋਂ ਕਰ ਲਈ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਉਸਦਾ ਦੋ ਹਜ਼ਾਰ ਵਜ਼ੀਫ਼ਾ

ਨਿਰਧਾਰਤ ਕੀਤਾ । 'ਅਕਦੁਲ ਫ਼ਰੀਦ' ਵਿੱਚ ਲਿੱਖਿਆ ਹੈ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਇਰਾਨ'ਤੇ ਚੜ੍ਹਾਈ ਸਮੇਂ ਹਰਮਜ਼ਾਨ ਨਾ ਮਸ਼ਵਰਾ ਕਰਦੇ ਅਤੇ ਉਸ ਦੀ ਰਾਏ ਅਨੁਸਾਰ ਅਮਲ ਕਰਦੇ ।

ਇਹ ਸੰਦੇਹ ਵੀ ਕੀਤਾ ਜਾਂਦਾ ਹੈ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀ ਸ਼ਹੀਦੀ ਵਿੱਚ ਹਰਮਜ਼ਾਨ ਦਾ ਹੱਥ ਸੀ ਪਰੰਤੂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਇਸ ਸੰਦੇਹ ਨੂੰ ਠੀਕ ਨਹੀਂ ਸਮਝਦੇ । ਸੋ, ਆਪ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਕਾਤਲ ਫ਼ਿਰੋਜ਼ ਕਤਲ ਤੋਂ ਪਹਿਲਾਂ ਇਕ ਦਿਨ ਹਰਮਜ਼ਾਨ ਨੂੰ ਮਿਲਿਆ । ਫ਼ਿਰੋਜ਼ ਦੇ ਹੱਥ ਵਿੱਚ ਖੰਜਰ ਦੇਖਕੇ ਹਰਮਜ਼ਾਨ ਨੇ ਸਬਬ ਪੁੱਛਿਆ ਅਤੇ ਖ਼ੰਜਰ ਨੂੰ ਹੱਥ ਵਿੱਚ ਲੈਕੇ ਦੇਖਿਆ । ਜਿਸ ਸਮੇਂ ਉਹ ਦੋਵੇਂ ਗਲੱਾਂ ਕਰ ਰਹੇ ਸਨ ਉਸ ਸਮੇਂ ਕਿਸੇ ਨੇ ਦੇਖ ਲਿਆ । ਜੱਦ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ  ਸ਼ਹੀਦ ਹੋ ਗਏ ਤਾਂ ਉਸਨੇ ਬਿਆਨ ਦੇ ਦਿਤੱਾ ਕਿ ਮੈਂ ਆਪ ਹਰਮਜ਼ਾਨ ਨੂੰ ਇਹ ਖ਼ੰਜਰ ਫੜਾਉਂਦਿਆਂ ਹੋਇਆਂ ਦੇਖਿਆ ਸੀ । ਇਸ'ਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਛੋਟੇ ਬੇਟੇ ਅਬੈਦੁਲੱਾਹ ਨੇ ਬਿਨਾ ਪੜਤਾਲ ਕੀਤਿਆਂ ਆਪੇ ਹੀ ਹਰਮਜ਼ਾਨ ਨੂੰ ਕਤਲ ਕਰ ਦਿਤੱਾ । ਜੱਦ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਖ਼ਲੀਫ਼ਾ ਬਣੇ ਤਾਂ ਆਪ ਰਜ਼ੀ ਅਲੱਾਹੁ ਅਨਹੁ ਨੇ ਹਰਮਜ਼ਾਨ ਦੇ ਬੇਟੇ ਨੂੰ ਬੁਲਾਇਆ ਅਤੇ ਅਬੈਦੁਲੱਾਹ ਨੂੰ ਉਸ ਦੇ ਹਵਾਲੇ ਕਰਦਿਆਂ ਹੋਇਆਂ ਫ਼ਰਮਾਇਆ ਕਿ ਮੇਰੇ ਪੁਤੱਰ ! ਇਹ ਤੇਰੇ ਬਾਪ ਦਾ ਕਾਤਲ ਹੈ, ਸੋ, ਤੂੰ ਜਾ ਇਸਨੂੰ ਕਤਲ ਕਰ ਦੇ । ਭਾਵੇਂ ਬਾਦ ਵਿੱਚ ਹਰਮਜ਼ਾਨ ਦੇ ਬੇਟੇ ਨੇ ਲੋਕਾਂ ਦੀ ਸਫ਼ਾਰਸ਼'ਤੇ ਅਬੈਦੁਲੱਾਹ ਨੂੰ ਕਤਲ ਨ ਕੀਤਾ । ਹਾਂ ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਕਾਤਲ ਨੂੰ ਗ੍ਰਿਫ਼ਤਾਰ ਕਰਨਾ ਤੇ ਦੰਡ ਦੇਣਾ ਹੁਕੂਮਤ ਦਾ ਕੰਮ ਹੈ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਅੱਗੇ ਜਾਰੀ ਰਹਿਣ ਬਾਰੇ ਆਖਕੇ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਮੁਕਰੱਮਾ ਪ੍ਰੋਫ਼ੈਸਰ ਨਸੀਮ ਸਈਦ ਸਾਹਿਬਾ ਸੁਪਤੱਨੀ ਮੁਹਮੱਦ ਸਈਦ ਸਾਹਬ (ਜੋ ਹਜ਼ਰਤ ਅਲਹਾਜ ਹਾਫ਼ਿਜ਼ ਡਾਕਟਰ ਸਯੱਦ ਸ਼ਫ਼ੀ ਸਾਹਬ ਦਿਹਲਵੀ ਦੀ ਬੇਟੀ ਸਨ), ਮੁਕਰੱਮ ਦਾਊਦ ਸੁਲੈਮਾਨ ਬੱਟ ਸਾਹਬ ਜਰਮਨੀ, (ਮਰਹੂਮ ਜਰਮਨੀ ਵਿੱਚ ਵਿਸ਼ੇਸ਼ ਸੁਰੱਖਿਆ ਡਿਊਟੀ ਬਹੁਤ ਖ਼ੁਸ਼ੀ ਨਾਲ ਕਰਿਆ ਕਰਦੇ ਸਨ), ਮੁਕਰੱਮਾ ਜਾਹਿਦਾ ਪਰਵੀਨ ਸਾਹਿਬਾ ਸੁਪਤੱਨੀ ਗ਼ੁਲਾਮ ਮੁਸਤਫ਼ਾ ਆਵਾਨ ਸਾਹਬ ਢਪਈ ਜ਼ਿਲਾ ਸਿਆਲਕੋਟ, ਮੁਕਰੱਮ ਰਾਣਾ ਅਬਦੁਲ ਵਹੀਦ ਸਾਹਬ ਲੰਦਨ ਅਤੇ ਮੁਕਰੱਮ ਅਲਹਾਜ ਮੀਰ ਮੁਹਮੱਦ ਅਲੀ ਸਾਹਬ ਸਾਬਕਾ ਨੈਸ਼ਨਲ ਅਮੀਰ ਜਮਾਤ ਬੰਗਲਾਦੇਸ਼ ਦਾ ਜ਼ਿਕਰੇ ਖ਼ੈਰ ਕੀਤਾ ਅਤੇ ਨਮਾਜ਼ ਜਨਾਜ਼ਾ ਗਾਇਬ ਪੜ੍ਹਾਉਂਣ ਦਾ ਐਲਾਨ ਕੀਤਾ ਅਤੇ ਸਾਰਿਆਂ ਮਰਹੂਮਾ ਦੀ ਬਖ਼ਸ਼ਿਸ਼ ਤੇ ਦਰਜਿਆਂ ਦੀ ਬੁਲੰਦੀ ਲਈ ਦੁਆ ਕੀਤੀ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ
وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ۔ عِبَادَ اللّٰہِ رحمکم اللہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ
ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔


**Khulasa Khutba Jumma 30.07.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131